Virtual Schools

**ਮਾਰਚ 2021**

Toronto District School Board

**ਟੀਡੀਐਸਬੀ ਵਰਚੁਅਲ ਸੈਕੰਡਰੀ ਸਕੂਲ ਫੈਮਲੀ ਨਿਊਜ਼ਲੈਟਰ**

ਵਰਚੁਅਲ ਸਕੂਲ ਨਿਊਜ਼ਲੈਟਰ ਦੇ ਮਾਰਚ 2021 ਅੰਕ ਵਿੱਚ ਤੁਹਾਡਾ ਸਵਾਗਤ ਹੈ। ਅਸੀਂ ਉਮੀਦ ਕਰਦੇ ਹਾਂ ਕਿ ਤੁਹਾਨੂੰ ਇਹ ਮਾਸਿਕ ਪ੍ਰਕਾਸ਼ਨ ਸਿਰਫ ਵਰਚੁਅਲ ਸਕੂਲ ਵਿੱਚ ਹੀ ਨਹੀਂ ਪਰੰਤੂ ਸਾਰੇ ਟੀਡੀਐਸਬੀ ਵਿੱਚ ਕੀ ਹੋ ਰਿਹਾ ਹੈ ਬਾਰੇ ਸੂਚਿਤ ਰਹਿਣ ਵਿੱਚ ਸਹਾਇਤਾ ਕਰਨ ਲਈ ਜਾਣਕਾਰੀ ਅਤੇ ਅਪਡੇਟਾਂ ਦਾ ਚੰਗਾ ਸ੍ਰੋਤ ਲਗ ਰਿਹਾ ਹੈ।

ਜਿਵੇਂ ਕਿ ਤੁਸੀਂ ਜਾਣਦੇ ਹੋ, ਸਿੱਖਿਆ ਮੰਤਰਾਲੇ ਨੇ ਮਾਰਚ ਬ੍ਰੇਕ ਵਿੱਚ ਦੇਰੀ ਕੀਤੀ ਹੈ ਸੋ ਇਸ ਕਰਕੇ ਅਸੀਂ ਹੁਣ 12 ਤੋਂ 16 ਅਪ੍ਰੈਲ ਤੱਕ ਆਉਣ ਵਾਲੀ ਬ੍ਰੇਕ ਦੀ ਉਡੀਕ ਕਰ ਰਹੇ ਹਾਂ। ਅਸੀਂ ਉਮੀਦ ਕਰਦੇ ਹਾਂ ਕਿ ਸਾਰੇ ਵਿਦਿਆਰਥੀ ਅਤੇ ਪਰਿਵਾਰ ਕੁਝ ਆਰਾਮ ਦੇ ਸਮੇਂ ਦਾ ਅਨੰਦ ਮਾਣਨਗੇ, ਕਿਉਂਕਿ ਇਹ ਸਾਲ ਹਰ ਕਿਸੇ ਲਈ ਵਿਅਸਤ ਅਤੇ ਚੁਨੌਤੀਜਨਕ ਰਿਹਾ ਹੈ।

ਹੋਰ ਜਾਣਕਾਰੀ ਅਤੇ ਅੱਪਡੇਟਾਂ ਲਈ, ਕਿਰਪਾ ਕਰਕੇ www.tdsb.on.ca/virtualschool'ਤੇ ਜਾਓ ਅਤੇ ਟਵਿਟਰ 'ਤੇ @tdsbvs 'ਤੇ ਫਾਲੋ ਕਰੋ।

## ਕੋਵਿਡ ਦੀ ਵਰ੍ਹੇਗੰਢ ਦੌਰਾਨ ਮਾਨਸਿਕ ਸਿਹਤ ਅਤੇ ਕੁਸ਼ਲਤਾ ਦਾ ਸਮਰਥਨ ਕਰਨਾ

11 ਮਾਰਚ ਦੇ ਹਫਤੇ ਨੇ ਕੋਵਿਡ-19 ਦੀ ਪਹਿਲੀ ਵਰ੍ਹੇਗੰਢ ਨੂੰ ਅੰਕਿਤ ਕੀਤਾ, ਇੱਕ ਵਿਸ਼ਵ ਵਿਆਪੀ ਮਹਾਮਾਰੀ ਜਿਸ ਨੇ ਸਾਡੇ ਜੀਵਨਾਂ ਨੂੰ ਸਦਾ ਲਈ ਬਦਲ ਦਿੱਤਾ ਹੈ। ਇਹ ਇੱਕ ਚੁਣੌਤੀ ਭਰਪੂਰ ਸਾਲ ਰਿਹਾ ਹੈ ਅਤੇ ਅਸੀਂ ਬਹੁਤ ਜ਼ਿਆਦਾ ਅਨਿਸ਼ਚਿਤਤਾ ਅਤੇ ਜਬਰਦਸਤ ਤਬਦੀਲੀਆਂ ਦਾ ਸਾਹਮਣਾ ਕੀਤਾ ਹੈ। ਮਹਾਮਾਰੀ ਨੇ ਅੱਤਿਆਚਾਰ ਵਿਰੁੱਧ ਮਹੱਤਵਪੂਰਨ ਸੰਵਾਦਾਂ ਨੂੰ ਸਿਰਜਦੇ ਹੋਏ ਸਮਾਜਿਕ ਅਸਮਾਨਤਾਵਾਂ ਨੂੰ ਉਜਾਗਰ ਕੀਤਾ। ਹਾਲਾਂਕਿ ਅਸੀਂ ਮਹਾਮਾਰੀ ਅਤੇ ਤਣਾਅ ਅਤੇ ਭਾਰ ਨੂੰ ਸਿਆਣਦੇ ਹਾਂ, ਅਸੀਂ ਤਾਕਤਾਂ, ਕਮਿਊਨਿਟੀ ਦੇ ਨਿਰਮਾਣ ਅਤੇ ਸਾਡੀ ਦ੍ਰਿੜਤਾ ਨੂੰ ਵੀ ਸਿਆਣਦੇ ਹਾਂ।

ਸਾਡੇ ਬੱਚਿਆਂ ਲਈ ਸਕੂਲਿੰਗ ਵਿੱਚ ਹੋਣ ਵਾਲੀਆਂ ਤਬਦੀਲੀਆਂ ਅਤੇ ਚੁਣੌਤੀਆਂ ਸਾਨੂੰ ਇਸ ਬਾਰੇ ਸੋਚਣ ਦਿੰਦੀਆਂ ਹਨ ਕਿ ਅਸੀਂ ਕਿਵੇਂ ਇੰਨ੍ਹਾਂ ਸਮਿਆਂ ਨੂੰ ਲਚੀਲੇਪਨ, ਦਿਆਲਤਾ ਅਤੇ ਇੱਕ ਦੂਸਰੇ ਅਤੇ ਸਾਡੇ ਖੁਦ ਲਈ ਪਰਵਾਹ ਦੇ ਨਾਲ ਸਹਾਰਿਆ ਹੈ।

[ਡਾਇਰੈਕਟਰ ਔਫ ਐਜੂਕੇਸ਼ਨ ਅਤੇ ਐਸੋਸੀਏਟ ਡਾਇਰੈਕਟਰਾਂ ਵਲੋਂ ਪੂਰਾ ਸੁਨੇਹਾ ਪੜ੍ਹੋ।]

## ਰੀਮਾਈਂਡਰ: ਮਾਰਚ ਬ੍ਰੇਕ ਦੀਆਂ ਤਰੀਕਾਂ ਵਿੱਚ ਤਬਦੀਲੀ

ਸਿੱਖਿਆ ਮੰਤਰਾਲੇ ਨੇ ਮਾਰਚ ਬ੍ਰੇਕ ਵਿੱਚ ਦੇਰੀ ਕੀਤੀ ਹੈ। ਹੁਣ ਬ੍ਰੇਕ **12 - 16 ਅਪ੍ਰੈਲ, 2021** ਨੂੰ ਹੈ।

## ਕਵਾਡ 3 ਵਿਦਿਆਰਥੀ ਪ੍ਰਾਪਤੀ ਸੰਬੰਧੀ ਸੰਚਾਰ

ਹਾਲਾਂਕਿ ਕਵਾਡ 3 ਦੇ ਲਈ ਕੋਈ ਰਸਮੀ ਮਿਡਟਰਮ ਰਿਪੋਰਟ ਕਾਰਡ ਨਹੀਂ ਹੈ, ਮਾਰਚ 22-26 ਦੇ ਹਫਤੇ ਦੇ ਦੌਰਾਨ, ਅਧਿਆਪਕਾਂ ਨੇ ਮੌਜੂਦਾ ਮਾਰਕ ਮੁਹੱਈਆ ਕਰਨ ਲਈ ਵਿਦਿਆਰਥੀਆਂ ਅਤੇ ਪਰਿਵਾਰਾਂ ਦੇ ਨਾਲ ਗੱਲਬਾਤ ਕੀਤੀ।

*ਰਸਮੀ* ਮਾਤਾ-ਪਿਤਾ/ਸਰਪ੍ਰਸਤ-ਅਧਿਆਪਕ ਕਾਨਫਰੰਸਾਂ ਨਹੀਂ ਹੋਣਗੀਆਂ। ਪਰੰਤੂ, ਮਾਤਾ-ਪਿਤਾ/ਸਰਪ੍ਰਸਤਾਂ ਨੂੰ ਵਿਦਿਆਰਥੀਆਂ ਦੀ ਪ੍ਰਗਤੀ ਬਾਰੇ ਚਰਚਾ ਕਰਨ ਲਈ 29 ਮਾਰਚ ਅਤੇ ਅਪ੍ਰੈਲ 1 ਵਿਚਕਾਰ ਆਪਸੀ ਤੌਰ ਤੇ ਸੁਵਿਧਾਜਨਕ ਸਮਾਂ ਸੈੱਟ ਅਪ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ। ਸਮੇਂ ਦਾ ਪ੍ਰਬੰਧ ਕਰਨ ਲਈ ਕਿਰਪਾ ਕਰਕੇ ਆਪਣੇ ਬੱਚੇ ਦੇ ਅਧਿਆਪਕ(ਕਾਂ) ਨਾਲ ਈਮੇਲ ਰਾਹੀਂ ਸੰਪਰਕ ਕਰੋ।

## ਡਾਇਰੈਕਟਰ ਦੀ ਸਾਲਾਨਾ ਰਿਪੋਰਟ

ਡਾਇਰੈਕਟਰ ਦੀ ਸਾਲਾਨਾ ਰਿਪੋਰਟ 2020 ਉਸ ਮਹੱਤਵਪੂਰਨ ਕੰਮ, ਜਿਹੜਾ ਪਿਛਲੇ ਸਾਲ ਵਿੱਚ ਸਾਰੇ ਟੀਡੀਐਸਬੀ ਵਿੱਚ ਹੋਇਆ ਹੈ ਅਤੇ ਮਲਟੀ-ਯੀਅਰ ਸਟ੍ਰੈਟੇਜਿਕ ਪਲਾਨ ਵਿੱਚ ਕੀਤੀ ਗਈ ਉਨੱਤੀ ਨੂੰ ਉਜਾਗਰ ਕਰਦੀ ਹੈ। ਰਿਪੋਰਟ ਨੂੰ ਔਨਲਾਈਨ ਪੜ੍ਹੋ।

## ਟੋਰੋਂਟੋ ਪਬਲਿਕ ਹੈਲਥ (ਟੀਪੀਐਚ) ਵੈਕਸੀਨ ਅਪਡੇਟ

ਜਿਵੇਂ ਟੋਰੋਂਟੋ ਸ਼ਹਿਰ ਵਿੱਚ ਵੈਕਸੀਨ ਰੋਲਆਉਟ ਹੁੰਦੀ ਹੈ, ਹੋਰ ਜਾਣਨ ਲਈ ਕਿਰਪਾ ਕਰਕੇ ਟੀਪੀਐਚ ਵੈੱਬਸਾਈਟ 'ਤੇ ਜਾਓ।

ਮਾਰਚ 2021

## ਨਵੀਂ ਆਊਟਡੋਰ ਲਰਨਿੰਗ ਵੈੱਬਸਾਈਟ

ਸੁਰੱਖਿਅਤ ਢੰਗ ਨਾਲ ਬਾਹਰ ਨਿਕਲਣਾ ਹੁਣ ਪਹਿਲਾਂ ਕਦੇ ਵੀ ਨਾਲੋਂ ਵੱਧ ਮਹੱਤਵਪੂਰਨ ਹੈ। ਵਿਦਿਆਰਥੀਆਂ, ਪਰਿਵਾਰਾਂ ਅਤੇ ਸਟਾਫ ਨੂੰ ਬਾਹਰ (outdoors) ਤੋਂ ਸੁਰੱਖਿਅਤ ਅਤੇ ਵਿਦਿੱਅਕ ਢੰਗ ਨਾਲ ਸਭ ਤੋਂ ਵੱਧ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨ ਲਈ, ਟੀਡੀਐਸਬੀ ਨੇ ਇੱਕ ਨਵੀਂ ਆਊਟਡੋਰ ਲਰਨਿੰਗ ਵੈੱਬਸਾਈਟਲੌਂਚ ਕੀਤੀ ਹੈ। ਅੱਜ ਹੀ ਨਵੀਂ ਸਾਈਟ ਦੀ ਪੜਤਾਲ ਕਰੋ!

## ਓਨਟੈਰੀਓ ਸੈਕੰਡਰੀ ਸਕੂਲ ਲਿਟਰੇਸੀ ਟੈਸਟ (OSSLT) ਅਪਡੇਟ

ਇਸ ਸਾਲ, EQAO ਇੱਕ ਨਵੇਂ ਔਨਲਾਈਨ ਓਨਟੈਰੀਓ ਸੈਕੰਡਰੀ ਸਕੂਲ ਲਿਟਰੇਸੀ ਟੈਸਟ (OSSLT) ਦਾ ਫੀਲਡ ਟੈਸਟ ਕਰ ਰਿਹਾ ਹੈ। ਇਸ ਫੀਲਡ ਟੈਸਟ ਵਿੱਚ ਭਾਗ ਲੈਣਾ ਲਾਜ਼ਮੀ ਨਹੀਂ ਹੈ ਅਤੇ ਟੀਡੀਐਸਬੀ ਨੇ ਭਾਗ ਨਾ ਲੈਣ ਦਾ ਫੈਸਲਾ ਕੀਤਾ ਹੈ। ਇਥੇ ਹੋਰ ਜਾਣੋ।

## ਟੀਡੀਐਸਬੀ ਕਨਵਰਸੇਸ਼ਨ ਸੀਰੀਜ਼

ਪਰਿਵਾਰਾਂ ਨੂੰ ਅਜਿਹੇ ਵਿਸ਼ਿਆ ਬਾਰੇ ਰੁਝਾਉਣ ਵਾਲੇ ਅਤੇ ਜਾਣਕਾਰੀਦਾਇਕ ਸੰਵਾਦਾਂ ਦੀ ਲੜੀ ਵਿੱਚ ਸਾਡੇ ਨਾਲ ਸ਼ਾਮਲ ਹੋਣ ਵਾਸਤੇ ਸੱਦਾ ਦਿੱਤਾ ਜਾਂਦਾ ਹੈ ਜਿੰਨ੍ਹਾਂ ਬਾਰੇ ਅਸੀਂ ਸੁਣਿਆ ਹੈ ਕਿ ਤੁਸੀਂ ਹੋਰ ਜਾਣਨਾ ਚਾਹੁੰਦੇ ਹੋ। ਮੋਹਰੀ ਮਾਹਰਾਂ ਤੋਂ ਸੁਣੋ ਅਤੇ ਔਨਲਾਈਨ ਸਵਾਲਾਂ ਅਤੇ ਜਵਾਬਾਂ ਸੈਸ਼ਨਾਂ ਵਿੱਚ ਭਾਗ ਲਓ।

ਤਰੀਕਾਂ ਅਤੇ ਆਉਣ ਵਾਲੇ ਸੈਸ਼ਨਾਂ ਬਾਰੇ ਵੇਰਵਿਆਂ ਲਈ ਵੈੱਬਸਾਈਟ ਤੇ ਜਾਓ।

## ਹਿਊਮਨ ਰਾਈਟਸ ਦੀ ਸਾਲਾਨਾ ਰਿਪੋਰਟ

ਟੀਡੀਐਸਬੀ ਨੇ ਹਾਲ ਹੀ ਵਿੱਚ ਉਸਦੀ ਸਭ ਤੋਂ ਪਹਿਲੀ ਹਿਊਮਨ ਰਾਈਟਸ ਦੀ ਸਾਲਾਨਾ ਰਿਪੋਰਟ ਰੀਲਿਜ਼ ਕੀਤੀ। ਰਿਪੋਰਟ ਨੂੰ ਪੜ੍ਹਨ ਲਈ, ਘਟਨਾ ਦੀ ਰਿਪੋਰਟ ਕਰਨ ਲਈ, ਨੀਤੀਆਂ ਅਤੇ ਬਿਧੀਆਂ ਤੱਕ ਪਹੁੰਚ ਪ੍ਰਾਪਤ ਕਰਨ ਲਈ ਅਤੇ ਸਵਾਲ ਅਤੇ ਜਵਾਬ ਪੜ੍ਹਨ ਲਈ ਹਿਊਮਨ ਰਾਈਟਸ ਵੈੱਬਸਾਈਟ ਤੇ ਜਾਓ।

## ਟੀਡੀਐਸਬੀ ਗ੍ਰੀਕ ਵਿਰਾਸਤ ਮਹੀਨਾ ਮਨਾਉਂਦਾ ਹੈ

ਮਾਰਚ ਟੋਰੋਂਟੋ ਡਿਸਟ੍ਰਿਕਟ ਸਕੂਲ ਬੋਰਡ ਵਿੱਚ ਗ੍ਰੀਕ ਵਿਰਾਸਤ ਮਹੀਨਾ ਹੈ। ਇਹ ਕੈਨੇਡਾ ਅਤੇ ਦੁਨੀਆ ਵਿੱਚ ਗ੍ਰੀਕ ਕਨੇਡੀਅਨਾਂ ਦੀਆਂ ਅਨੇਕ ਪ੍ਰਾਪਤੀਆਂ ਅਤੇ ਯੋਗਦਾਨਾਂ ਦਾ ਜਸ਼ਨ ਮਨਾਉਣ ਦਾ ਮੌਕਾ, ਅਤੇ ਗ੍ਰੀਕ ਸਭਿਆਚਾਰ ਦੇ ਇਤਿਹਾਸ ਨੂੰ ਅੰਕਿਤ ਕਰਨ ਅਤੇ ਉਸਦਾ ਅਨੰਦ ਮਾਣਨ ਦਾ ਅਵਸਰ ਹੈ। ਹੋਰ ਜਾਣੋ ।

ਇਸ ਸਾਲ ਦਾ ਵਿਸ਼ਾ:

**1821-2021**
**ਆਜ਼ਾਦੀ ਅਤੇ ਏਕਤਾ - Ελευθερία και Ενότητα**
**ਸਾਡੀਆਂ ਜੜ੍ਹਾਂ ਤੋਂ ਸਿੱਖਣਾ...ਸਾਡੇ ਭਵਿੱਖ ਨੂੰ ਆਕਾਰ ਦੇਣਾ (Freedom and Unity – Ελευθερία και Ενότητα  Learning From Our Roots…Shaping Our Future)** ਹੈ।

## ਗਾਈਡੈਂਸ ਟੀਮ ਤੋਂ ਖ਼ਬਰ

### ਪੋਸਟ-ਸੈਕੰਡਰੀ ਰੀਮਾਈਂਡਰ

- ਓਨਟੈਰੀਓ ਕਾਲਜਾਂ ਜਾਂ ਯੂਨੀਵਰਸਿਟੀਆਂ ਨੂੰ ਅਪਲਾਈ ਕਰਨ ਵਾਲੇ ਵਿਦਿਆਰਥੀਆਂ ਨੂੰ OCAS ਜਾਂ OUAC ਦੇ ਨਾਲ ਫਾਈਲ ਵਿੱਚ ਉਨ੍ਹਾਂ ਦੀ ਅਕਾਦਮਿਕ ਜਾਣਕਾਰੀ ਦੀ ਸਮੀਖਿਆ ਕਰਨ ਲਈ OCAS ਵੈੱਬਸਾਈਟ ਤੇ ਜਾਂ OUAC ਵੈੱਬਸਾਈਟ ਤੇ ਉਨ੍ਹਾਂ ਦੀ ਔਨਲਾਈਨ ਐਪਲੀਕੇਸ਼ਨ ਵਿੱਚ ਨਿਯਮਿਤ ਤੌਰ ਤੇ ਲੋਗ ਇੰਨ ਕਰਨ ਲਈ ਕਿਹਾ ਜਾਂਦਾ ਹੈ। ਜੇ ਤਬਦੀਲੀਆਂ ਦੀ ਲੋੜ ਹੈ, ਤਾਂ ਵਿਦਿਆਰਥੀਆਂ ਨੂੰ ਵਰਚੂਅਲ ਸੈਕੰਡਰੀ ਸਕੂਲ OCAS/OUAC ਅਕਾਊਂਟ ਈਸ਼ੂਜ਼ ਗੂਗਲ ਫਾਰਮ ਵਰਤ ਕੇ VSS ਗਾਈਡੈਂਸ ਟੀਮ ਨਾਲ ਸੰਪਰਕ ਕਰਨ ਲਈ ਕਿਹਾ ਜਾਂਦਾ ਹੈ।
- ਜੇ ਤੁਸੀਂ ਓਨਟੈਰੀਓ ਤੋਂ ਬਾਹਰ ਕਾਲਜ ਜਾਂ ਯੂਨੀਵਰਸਿਟੀ ਨੂੰ ਅਪਲਾਈ ਕੀਤਾ ਹੈ ਅਤੇ ਤੁਹਾਨੂੰ ਆਪਣੀ ਐਪਲੀਕੇਸ਼ਨ ਦੇ ਨਾਲ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਆਪਣੇ ਹੋਮ ਸਕੂਲ ਦੇ ਗਾਈਡੈਂਸ ਕਾਉਂਸਲਰ ਦੇ ਨਾਲ ਸੰਪਰਕ ਕਰੋ। ਟੀਡੀਐਸਬੀ ਵਰਚੂਅਲ ਸਕੂਲ ਦੇ ਲਈ *ਮਾਇਡੈਂਟ* (*Mident*) ਨੰਬਰ 936990 ਹੈ ਜੇ ਓਨਟੈਰੀਓ ਦੇ ਬਾਹਰ ਕਾਲਜ ਜਾਂ ਯੂਨੀਵਰਸਿਟੀਆਂ ਤੁਹਾਡੇ ਕੋਲੋਂ ਉਹ ਜਾਣਕਾਰੀ ਲਈ ਬੇਨਤੀ ਕਰ ਰਹੀਆਂ ਹਨ।

### ਗ੍ਰੇਡ 11 ਅਤੇ 12 ਕੋਰਸਾਂ ਲਈ ਕਵਾਡ 3 ਪੂਰੇ ਖੁਲਾਸੇ (Full Disclosure) ਦੀ ਤਰੀਕ

- VSS  ਵਿੱਚ ਗ੍ਰੇਡ 11 ਅਤੇ 12 ਕੋਰਸਾਂ ਲਈ ਵਿੱਚ ਭਰਤੀ ਵਿਦਿਆਰਥੀਆਂ ਲਈ ਰੀਮਾਈਂਡਰ ਕਿ ਕਵਾਡ 3 ਲਈ ਪੂਰੇ ਖੁਲਾਸੇ (Full Disclosure) ਦੀ

ਤਰੀਕ **ਮੰਗਲਵਾਰ, 6 ਅਪ੍ਰੈਲ, 2021** ਹੈ।

- ਜੇ ਇੱਕ ਵਿਦਿਆਰਥੀ ਅਜਿਹੇ ਗ੍ਰੇਡ 11 ਜਾਂ 12 ਕੋਰਸਾਂ ਵਿੱਚ ਭਰਤੀ ਹੈ ਜਿਹੜੇ ਉਹ ਡਰੌਪ ਕਰਨਾ ਚਾਹੁੰਦੇ ਹਨ ਅਤੇ ਨਹੀਂ ਚਾਹੁੰਦੇ ਕਿ ਉਹ ਕੋਰਸ ਉਨ੍ਹਾਂ ਦੀ ਅਧਿਕਾਰਿਕ ਟ੍ਰਾਂਸਕ੍ਰਿਪਟ ਤੇ ਦਿਖਾਈ ਦੇਵੇ, ਤਾਂ ਉਨ੍ਹਾਂ ਲਈ ਮੰਗਲਵਾਰ, 6 ਅਪ੍ਰੈਲ, 2021 ਸ਼ਾਮ 3 ਵਜੇ ਤੱਕ ਉਸ ਕੋਰਸ ਤੋਂ ਹੱਟ ਜਾਣਾ (ਡਰੌਪ ਕਰਨਾ) ਲਾਜ਼ਮੀ ਹੈ। ਜੇ ਗ੍ਰੇਡ 11 ਜਾਂ 12 ਵਿਚਲਾ ਵਿਦਿਆਰਥੀ ਪੂਰੇ ਖੁਲਾਸੇ ਦੀ ਤਰੀਕ ਤੋਂ ਬਾਅਦ ਕੋਰਸ ਤੋਂ ਹੱਟਦਾ ਹੈ, ਤਾਂ ਕੋਰਸ ਉਨ੍ਹਾਂ ਦੀ ਅਧਿਕਾਰਿਕ ਟ੍ਰਾਂਸਕ੍ਰਿਪਟ ਤੇ ਦਿਖਾਈ ਦੇਵੇਗਾ, ਉਸ ਮੌਜੂਦਾ ਅੰਕ ਦੇ ਨਾਲ ਜੋ ਉਨ੍ਹਾਂ ਦੀ ਹੱਟਣ ਦੀ ਤਰੀਕ ਤੇ ਸਨ, ਉਸਦੇ ਨਾਲ ਇੱਕ W (withdrawal) ਦੇ ਨਾਲ।
- ਕੋਰਸ ਤੋਂ ਹੱਟਣ (ਡਰੌਪ ਕਰਨ) ਲਈ, ਵਿਦਿਆਰਥੀਆਂ ਵਾਸਤੇ ਉਨ੍ਹਾਂ ਦੇ OSR (ਹੋਮ ਸਕੂਲ) ਦੇ

  ਗਾਈਡੈਂਸ ਕਾਉਂਸਲਰ ਨਾਲ ਸੰਪਰਕ ਕਰਨਾ ਅਤੇ ਕੋਰਸ ਤੋਂ ਹਟਾਏ ਜਾਣ ਲਈ ਬੇਨਤੀ ਕਰਨਾ ਲਾਜ਼ਮੀ ਹੈ। ਜੇ ਵਿਦਿਆਰਥੀ 18 ਸਾਲ ਤੋਂ ਘੱਟ ਹੈ, ਤਾਂ ਉਨ੍ਹਾਂ ਦੇ ਮਾਤਾ-ਪਿਤਾ/ਸਰਪ੍ਰਸਤ ਨੂੰ ਹੱਟਣ ਦੀ ਬੇਨਤੀ ਨੂੰ ਮਨਜ਼ੂਰ ਕਰਨ ਲਈ OSR (ਹੋਮ ਸਕੂਲ) ਦੇ ਗਾਈਡੈਂਸ ਕਾਉਂਸਲਰ ਨਾਲ ਸੰਪਰਕ ਕਰਨ ਦੀ ਲੋੜ ਹੋਵੇਗੀ।

## ਵੀਐਸਐਸ (VSS) ਪ੍ਰਸ਼ਾਸਕ ਵਰਚੁਅਲ ਕਲਾਸਾਂ ਵਿੱਚ ਸ਼ਾਮਲ ਹੁੰਦੇ ਹਨ

ਵੀਐਸਐਸ ਪ੍ਰਸ਼ਾਸਕ ਅਕਸਰ ਕਲਾਸਾਂ ਵਿੱਚ ਸ਼ਾਮਲ ਹੁੰਦੇ ਹਨ, ਜਿਵੇਂ ਉਹ ਇਨ-ਪਰਸਨ ਕਲਾਸਾਂ ਵਿੱਚ ਹੁੰਦੇ ਸਨ। ਇੱਕ ਪ੍ਰਸ਼ਾਸਕ ਨੇ ਹੇਠਾਂ ਦਿੱਤਾ ਅਨੁਭਵ ਸਾਂਝਾ ਕੀਤਾ:

"ਮੈਨੂੰ ਆਪਣੇ ਅਧਿਆਪਕ ਸਾਥੀਆਂ ਦੇ ਕਲਾਸਰੂਮਾਂ ਵਿਚ ਜਾਣ ਦਾ ਮੌਕਾ ਮਿਲਿਆ ਹੈ। ਇੰਨ੍ਹਾਂ ਤਜਰਬਿਆਂ ਦੀ ਰੇਂਜ ਵਿਦਿਆਰਥੀਆਂ ਨੂੰ ਚੈਟ ਸਪੇਸਾਂ ਵਿੱਚ ਟੈਕਸਟ ਲਿੱਖਣ ਵਿੱਚ ਰੁਝਾਉਣ ਤੋਂ ਲੈਕੇ ਹਵਾਈ ਵਿੱਚ ਜਵਾਲਾਮੁਖੀ ਸੰਬੰਧੀ ਗਤੀਵਿਧੀਆਂ, ਪਾਕਿਸਤਾਨ ਵਿਚ ਆਏ ਭੂਚਾਲਾਂ ਅਤੇ ਮੌਸਮ ਵਿਚ ਤਬਦੀਲੀ ਤੱਕ ਚੰਗੀ ਤਰ੍ਹਾਂ ਖੋਜ ਕੀਤੇ ਗਈਆਂ ਅਤੇ ਸੰਗਠਿਤ ਸਮੂਹ ਪ੍ਰਸਤੁਤੀਆਂ ਤੱਕ ਸੀ। ਮੈਂ ਵਰਚੂਅਲ ਵਾਤਾਵਰਣ ਵਿੱਚ ਦਰਪੇਸ਼ ਚੁਣੌਤੀਆਂ ਨੂੰ ਨੋਟ ਕੀਤਾ ਪਰ ਅਧਿਆਪਕਾਂ ਨੂੰ ਇਸ ਮੌਕੇ ਤੇ ਅਗੇ ਆਉਂਦੇ ਹੋਏ ਅਤੇ ਵਿਦਿਆਰਥੀਆਂ ਲਈ ਸਿਖਲਾਈ ਦੇ ਸਹਿਜ ਤਜਰਬੇ ਦੀ ਪੇਸ਼ਕਸ਼ ਕਰਨ ਲਈ ਤਕਨਾਲੋਜੀ ਵਿੱਚ ਨਿਪੁੰਨ ਹੁੰਦੇ ਹੋਏ ਦੇਖਿਆ।

## ਮਾਇੰਡਫੈਸਟ (Mindfest)

ਫੈਮਲੀ ਸਟਡੀਜ਼ ਡਿਪਾਰਟਮੈਂਟ ਨੇ *ਮਾਇੰਡਫੈਸਟ* (ਮਾਰਚ 8-12), ਯੂਨੀਵਰਸਿਟੀ ਔਫ ਟੋਰੋਂਟੋ ਦੇ ਸਾਏਕਿਐਟਰੀ ਡਿਪਾਰਟਮੈਂਟ ਦੁਆਰਾ ਸੈਕੰਡਰੀ ਅਤੇ ਪੋਸਟ ਸੈਕੰਡਰੀ ਵਿਦਿਆਰਥੀਆਂ ਵਿੱਚ ਮਾਨਸਿਕ ਸਿਹਤ ਨੂੰ ਵਧਾਵਾ ਦੇਣ ਲਈ ਆਯੋਜਿਤ ਕੀਤੇ ਜਾਣ ਵਾਲੇ ਸਾਲਾਨਾ ਪ੍ਰੋਗ੍ਰਾਮ ਨੂੰ ਵਧਾਵਾ ਦਿੱਤਾ। ਇਸ ਸਾਲ ਵਰਕਸ਼ਾਪਾਂ ਪੂਰੀ ਤਰ੍ਹਾਂ ਔਨਲਾਈਨ ਚਲੀਆਂ, ਮਹਾਮਾਰੀ ਦੌਰਾਨ ਮਾਨਸਿਕ ਸਿਹਤ ਨੂੰ ਕਾਇਮ ਰੱਖਣ ਦੇ ਸੰਘਰਸ਼ ਤੇ ਫੋਕਸ ਕਰਨ ਵਾਲੇ ਵਿਸ਼ਿਆਂ ਦੇ ਨਾਲ। ਡਾ. ਕੈਨੇਥ ਫੰਗ (Dr. Kenneth Fung) ਦੇ ਭਾਸ਼ਣ ਦੀ ਔਨਲਾਈਨ ਰਿਕਾਰਡਿੰਗ ਇੱਥੇ ਦੇਖੋ: *ਕਲਟੀਵੇਟਿੰਗ ਰਜ਼ਿਲੀਐਂਸ ਐਂਡ ਜੌਏ ਡਿਉਰਿੰਗ ਦ ਪੈਨਡੈਮਿਕ (Cultivating Resilience and Joy during the pandemic)*।

## ਕੋ-ਔਪ ਐਟ VSS: ਰੀਅਲ ਵਰਲਡ, ਔਨਲਾਈਨ

ਵਿਦਿਆਰਥੀ ਵੀਐਸਐਸ ਵਿਖੇ ਸਹਿਕਾਰੀ (Cooperative) ਸਿੱਖਿਆ ਵਿੱਚ ਬਹੁਤ ਸਾਰੇ ਖੇਤਰਾਂ ਤੋਂ ਪਲੇਸਮੈਂਟ ਦਾ ਅਨੰਦ ਲੈ ਰਹੇ ਹਨ। ਉਹ ਉਨ੍ਹਾਂ ਦੇ ਸੰਚਾਰ ਸੰਬੰਧੀ ਹੁਨਰਾਂ ਨੂੰ ਬਿਹਤਰ ਕਰ ਰਹੇ ਹਨ ਅਤੇ ਉਨ੍ਹਾਂ ਦੇ ਰੈਜ਼ਮੇ ਬਣਾਉਂਦੇ ਹੋਏ ਰਿਸ਼ਤਿਆਂ ਦਾ ਨਿਰਮਾਣ ਕਰਨ ਲਈ ਵਿਸ਼ਵਾਸ ਅਤੇ ਸਮਰਥਾ ਵਿਕਸਤ ਕਰਨਾ ਜਾਰੀ ਰੱਖ ਰਹੇ ਹਨ। ਪੜਤਾਲ ਕੀਤੇ ਜਾ ਰਹੇ ਕੁਝ ਰੋਚਕ ਕਰੀਅਰਾਂ ਵਿੱਚ ਸ਼ਾਮਲ ਹਨ: ਟੀਚਰ ਅਸਿਸਟੈਂਟ, ਸਿਹਤ ਸੰਬੰਧੀ ਖੇਤਰਾਂ ਵਿੱਚ ਕਲਰਕੀ ਅਸਿਸਟੈਂਟ, ਪੱਤਰਕਾਰਤਾ, ਵਿੱਤੀ ਵਿਸ਼ਲੇਸ਼ਣ, ਗੈਰ-ਮੁਨਾਫਾ ਸੰਬੰਧੀ ਕੰਮ, ਇੰਨਟੀਰੀਅਰ ਡੀਜ਼ਾਈਨ, ਵਾਤਾਵਰਣਕ ਸਾਇੰਸਾਂ, ਟ੍ਰਾਂਸ਼ਪੋਰਟੇਸ਼ਨ, ਲੌ ਏਨਫੋਰਸਮੈਂਟ ਅਤੇ ਉਸਾਰੀ ਅਤੇ ਡੀਜ਼ਾਈਨ ਵਿੱਚ ਪੜਚੋਲ। ਅਧਿਆਪਕ ਲਗਾਤਾਰ ਰਿਪੋਰਟ ਕਰਦੇ ਹਨ ਕਿ ਵਿਦਿਆਰਥੀ ਸੁਪਰਵਾਈਜ਼ਰ ਵਿਦਿਆਰਥੀਆਂ ਦੁਆਰਾ ਦਰਸਾਏ ਗਏ ਸਮਰਪਣ ਅਤੇ ਵਚਨਬੱਧਤਾ ਨਾਲ ਪ੍ਰਭਾਵਿਤ ਹਨ। ਸ਼ਾਬਾਸ਼!

ਕੋ-ਔਪ ਵਿਦਿਆਰਥੀਆਂ ਨੂੰ ਵਰਚੂਅਲ ਢੰਗ ਨਾਲ ਪਲੇਸ ਕਰਨ ਲਈ ਸਭ ਤੋਂ ਚੁਣੌਤੀ ਭਰਪੂਰ ਖੇਤਰਾਂ ਵਿੱਚੋਂ ਇੱਕ ਟ੍ਰੇਡਜ਼ (trades) ਰਿਹਾ ਹੈ ਪਰ ਥੋੜੀ

ਰਚਨਾਤਮਕਤਾ ਦੇ ਨਾਲ, ਇੱਕ ਕੋ-ਔਪ ਅਧਿਆਪਕ ਨੇ ਟ੍ਰਾਂਸਪੋਰਟੇਸ਼ਨ ਖੇਤਰ ਵਿਚ ਰੁਚੀ ਰੱਖਣ ਵਾਲੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ, "ਕੋ-ਔਪ ਟ੍ਰਾਂਸਪੋਰਟੇਸ਼ਨ ਐਕਸਪੀਰੀਐਂਸ" (“Co-Op Transportation Experience”) ਵਿਕਸਤ ਕਰਨ ਵਾਸਤੇ, ਇੱਕ ਆਟੋ ਟੀਚਰ ਨਾਲ ਕੰਮ ਕੀਤਾ।

ਦੂਸਰੇ ਕਵਾਡ ਵਿੱਚ, ਟ੍ਰਾਂਸਪੋਰਟੇਸ਼ਨ ਐਕਸਪੀਰੀਐਂਸ ਓਨਟੈਰੀਓ ਯੂਥ ਅਪਰੈਂਟਿਸਸ਼ਿਪ ਪ੍ਰੋਗਰਾਮ, ਵਿਸ਼ੇਸ਼ ਟੀਡੀਐਸਬੀ ਆਟੋ ਪ੍ਰੋਗਰਾਮਾਂ, ਸੈਂਟੀਨਲ ਕਾਲਜ ਪ੍ਰੋਗਰਾਮਾਂ ਅਤੇ ਦ ਸਿਟੀ ਔਫ ਟੋਰੋਂਟੋ ਫਲੀਟ ਸਰਵਿਸਿਜ਼ ਸਮੇਤ ਹਫਤੇਵਾਰ ਮਹਿਮਾਨ ਬੁਲਾਰਿਆਂ ਨੂੰ ਸ਼ਾਮਲ ਕਰਨ ਲਈ ਵਿਸਤ੍ਰਿਤ ਹੋਇਆ ਹੈ। ਪ੍ਰੋਗਰਾਮ ਵਿਚਲੇ ਵਿਦਿਆਰਥੀ ਕਈ ਤਰ੍ਹਾਂ ਦੇ ਟ੍ਰਾਂਸਪੋਰਟੇਸ਼ਨ ਪਿਛੋਕੜਾਂ ਤੋਂ ਆਉਂਦੇ ਹਨ ਅਤੇ ਪੂਰੀ ਤਰ੍ਹਾਂ ਰੁੱਝੇ ਹੋਏ ਹਨ ਜਿਵੇਂ ਉਹ ਇਸ ਬਾਰੇ ਹੋਰ ਜਾਣਨ ਲਈ ਮੌਡੀਊਲਾਂ ਅਤੇ ਵਿਸ਼ਿਆਂ ਦੀ ਚੋਣ ਕਰਦੇ ਹਨ।

ਅਜਿਹੇ ਸਾਲ ਦੇ ਦੌਰਾਨ ਜਿੱਥੇ ਸਭ ਕੁਝ ਬਦਲ ਗਿਆ ਹੈ, ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਔਨਲਾਈਨ ਦੁਨੀਆ ਵਿੱਚ ਸਹਿਕਾਰੀ ਸਿੱਖਿਆ ਨੂੰ ਪਹੁੰਚਯੋਗ ਅਤੇ ਦਿਲਚਸਪ ਬਣਾਉਣ ਲਈ ਨਵੀਂਆਂ ਰਣਨੀਤੀਆਂ ਨੂੰ ਅਨੁਕੂਲ ਬਣਾਇਆ, ਸੁਧਾਰਿਆ, ਉਨ੍ਹਾਂ ਦੀ ਦੁਬਾਰਾ ਕਲਪਨਾ ਕੀਤੀ, ਅਤੇ ਇਹ ਕੋ-ਔਪ ਵਿੱਚ ਸ਼ਾਮਲ ਹੋਣ ਵਾਲੇ ਵਿਦਿਆਰਥੀਆਂ ਲਈ ਭਵਿੱਖ ਵਿੱਚ ਜਾਰੀ ਰਹੇਗਾ!

## ਡੀਡੀ ਡਿਪਾਰਟਮੈਂਟ *“ਮਾਰਚ ਫੇਕ”* (March Fake) ਦਾ ਜਸ਼ਨ ਮਨਾਉਂਦਾ ਹੈ

*“ਮਾਰਚ ਫੇਕ”* ਦੀ ਤਰ੍ਹਾਂ ਜਾਣੀ ਜਾਣ ਵਾਲੀ ਸਭ ਤੋਂ ਪਹਿਲੀ ਇਨ-ਸਕੂਲ ਮਾਰਚ ਬ੍ਰੇਕ ਵਿੱਚ ਪਾਜਾਮਾ ਡੇ, ਜਰਸੀ ਡੇ, ਸੇਂਟ ਪੈਡੀਜ਼ ਡੇ ਦਾ ਜਸ਼ਨ, ਸਿਲੀ ਹੈਟ ਡੇ, ਅਤੇ ਸ਼ੁੱਕਰਵਾਰ ਨੂੰ ਇੱਕ ਬੀਚ ਡੇ ਅਤੇ ਡਾਂਸ ਪਾਰਟੀ ਸ਼ਾਮਲ ਸੀ। ਡਿਪਾਰਟਮੈਂਟ ਨੇ ਸਵੇਰ ਦੇ ਤਿੰਨ ਮੌਰਨਿੰਗ ਗਰੀਟਿੰਗ ਗਰੁੱਪਾਂ ਵਿਚਕਾਰ ਡਾਂਸ-ਔਫ ਕਰਵਾਇਆ ਅਤੇ ਵਿਦਿਆਰਥੀ ਬਹੁਤ ਜ਼ਿਆਦਾ ਰੁੱਝੇ ਹੋਏ ਸੀ ਅਤੇ ਉਨ੍ਹਾਂ ਨੇ ਬਹੁਤ ਅਨੰਦ ਮਾਣਿਆ!

## ਹੌਸਪਿਟੈਲਿਟੀ ਗੋਜ਼ ਟੂ ਡੱਕ ਕੁਕਿੰਗ ਸਕੂਲ

ਸਾਡੇ ਵੀਐਸਐਸ ਕਲੀਨਰੀ ਪ੍ਰੋਗਰਾਮ ਦੇ ਹਿੱਸੇ ਵਜੋਂ, ਅਧਿਆਪਕ ਮਾਈਕਲ ਵਾਰਟੀ ਨੇ ਉਨ੍ਹਾਂ ਦੀ ਕਲਾਸ ਦੇ ਲਈ ਢੁੱਕਵੇਂ ਵਰਚੂਅਲ ਟੂਰਾਂ ਦਾ ਪ੍ਰਬੰਧ ਕੀਤਾ ਹੈ। 19 ਮਾਰਚ ਨੂੰ, ਹੌਸਪਿਟੈਲਿਟੀ ਵਿਦਿਆਰਥੀਆਂ ਨੇ ਸਟੋਵਿਲ ਵਿੱਚ ਕਿੰਗ ਕੋਲ ਡਕਸ ਦੇ ਕ੍ਰਿਸ ਕੇਂਜ਼ਲਮੈਨ ਦੇ ਨਾਲ ਬਤਖ ਪਕਾਉਣ (Duck Cooking) ਦੇ ਵਰਚੂਅਲ ਪ੍ਰਦਰਸ਼ਨ ਵਿੱਚ ਹਿੱਸਾ ਲਿਆ। ਉਤਸ਼ਾਹੀ ਪੇਸ਼ਕਸ਼ ਦਾ ਫੋਕਸ ਸਥਾਨਕ, ਨੈਤਿਕ ਅਤੇ ਦੀਰਘਕਾਲਿਕ ਫਾਰਮਿੰਗ ਸੀ। ਹੌਸਪਿਟੈਲਿਟੀ ਦਾ ਔਨਲਾਈਨ ਫਾਰਮੈਟ ਕੋਰਸ ਦੀਆਂ ਉਹ ਸਿਧਾਂਤਿਕ ਅਪੇਖਿਆਵਾਂ ਪੂਰੀਆਂ ਕਰਨ ਲਈ ਉੱਤਮ ਵਾਤਾਵਰਨ ਹੈ ਜਿਹੜੀਆਂ ਰਸੋਈ ਦੀ ਸੈਟਿੰਗ ਵਿੱਚ ਸਫਲ ਹੋਣਾ ਅਕਸਰ ਮੁਸ਼ਕਲ ਹੁੰਦਾ ਹੈ।

ਇੰਨ੍ਹਾਂ ਗਾਈਡਿਡ, ਵਰਚੂਅਲ ਟੂਰਾਂ ਰਾਹੀਂ, ਵਿਦਿਆਰਥੀ ਡਾਇਨਾਮਿਕ ਅਤੇ ਇੰਟਰਐਕਟਿਵ ਗਤੀਵਿਧੀਆਂ ਵਿੱਚ ਰੁੱਝੇ ਹੋਏ ਹਨ। ਵਿਦਿਆਰਥੀ ਸ਼ੇਫ ਡੇਮੋ ਕਿਚਨ, ਜਿਥੇ ਉਹ ਉਦਯੋਗ ਦੇ ਪਾਰਟਨਰਾਂ ਦੇ ਨਾਲ ਔਨਲਾਈਨ ਕੁਕਿੰਗ ਤੋਂ ਸੰਵਾਦਾਂ ਤੱਕ ਕਰਦੇ ਹਨ, ਹੋਣ ਤੋਂ ਵਰਚੂਅਲ ਵਾਤਾਵਰਨ ਵਿੱਚ ਅਸਲ-ਜੀਵਨ ਦੇ ਤਜਰਬੇ ਪ੍ਰਾਪਤ ਕਰਦੇ ਹਨ।

## *ਭੋਜਨ ਦੀ ਗੱਲ ਕਰਦੇ ਹੋਏ...*

ਵਿਦਿਆਰਥੀ ਘਰ ਵਿੱਚ ਹੋ ਸਕਦੇ ਹਨ, ਪਰ ਉਹ ਅਜੇ ਵੀ ਫੂਡ ਲੈਬਾਂ ਦਾ ਅਨੁਭਵ ਕਰ ਸਕਦੇ ਹਨ! ਹਾਲਾਂਕਿ ਉਹ ਕੁਝ ਵੱਖ ਵੱਖ ਰੂਪ ਲੈਂਦੇ ਹਨ, ਅਤੇ ਸੁਰੱਖਿਆ ਹਮੇਸ਼ਾ ਹੀ ਪ੍ਰਾਥਮਿਕਤਾ ਹੁੰਦੀ ਹੈ, ਫੈਮਲੀ ਸਟਡੀਜ਼ ਫੂਡਜ਼ ਪ੍ਰੋਗਰਾਮਾਂ (HFN, HFC ਅਤੇ HFA) ਵਿਚਲੇ ਵਿਦਿਆਰਥੀ ਅਜੇ ਵੀ ਆਪਣੇ ਕੁਕਿੰਗ ਸ਼ੋ ਦਾ ਹਿੱਸਾ ਬਣ ਸਕਦੇ ਹਨ। ਸਾਲ ਦੇ ਦੌਰਾਨ ਵੀਗਨ ਸਨੈਕ, ਪੀਜ਼ਾ, ਅੰਤਰਰਾਸ਼ਟਰੀ ਭੋਜਨ ਸਾਰਿਆਂ ਦੀ ਕੋਸ਼ਿਸ਼ ਕੀਤੀ ਗਈ ਹੈ। ਸਿਹਤਮੰਦ, ਘਰੇਲੂ ਭੋਜਨ ਤਿਆਰ ਕਰਨ ਅਤੇ ਪੌਸ਼ਟਿਕ ਖਾਣ ਪੀਣ ਨੂੰ ਉਤਸ਼ਾਹਤ ਕਰਨ ਦੇ ਸਾਡੇ ਵਿਸ਼ਾਲ ਟੀਚੇ ਨਾਲ ਵਿਦਿਆਰਥੀ ਜੋ ਤਿਆਰ ਕਰਦੇ ਹਨ ਵਿੱਚ ਬਹੁਤ ਸਾਰੀ ਲਚਕਤਾ ਹੈ!

## ਸਪੈਸ਼ਲ ਐਜੂਕੇਸ਼ਨ ਡਿਪਾਰਟਮੈਂਟ ਦੀਆਂ ਅਗੇ ਦੀਆਂ ਯੋਜਨਾਵਾਂ

ਵੀਐਸਐਸ ਸਪੈਸ਼ਲ ਐਜੂਕੇਸ਼ਨ ਡਿਪਾਰਟਮੈਂਟ ਲਰਨਿੰਗ ਸੰਬੰਧੀ ਵਿਲੱਖਣ ਲੋੜਾਂ ਵਾਲੇ ਵਿਦਿਆਰਥੀਆਂ ਦਾ ਸਮਰਥਨ ਕਰਨ ਬਾਰੇ ਜੋਸ਼ੀਲਾ ਹੈ ਅਤੇ ਵਿਦਿਆਰਥੀਆਂ ਦੀਆਂ ਕੋਡਿੰਗ, ਪੌਡਕਾਸਟਿੰਗ, ਵਿਜ਼ੂਅਲ ਆਰਟਸ, ਡਾਂਸ ਅਤੇ ਸੰਗੀਤ ਸਮੇਤ ਵੱਖ ਵੱਖ ਪ੍ਰਤਿਭਾਵਾਂ ਹਨ।

ਡਿਪਾਰਟਮੈਂਟ ਦੇ ਫੋਕਸ ਵਾਲੇ ਮੌਜੂਦਾ ਖੇਤਰ ਵਿਦਿਆਰਥੀ ਕੁਸ਼ਲਤਾ, ਬਰਾਬਾਰੀ, ਸਵੈ-ਹਿਮਾਇਤ, ਅਤੇ ਤਬਦੀਲੀਆਂ ਹਨ ਅਤੇ ਉਹ ਗ੍ਰੇਡ 11 ਅਤੇ 12 ਲਰਨਰਾਂ ਲਈ ਪੋਸਟ-ਸੈਕੰਡਰੀ ਰਾਹਾਂ ਬਾਰੇ ਸੈਸ਼ਨ ਮੁਹੱਈਆ ਕਰਨ ਬਾਰੇ ਵੀ ਵਿਚਾਰ ਕਰ

ਰਹੇ ਹਨ। ਸ਼ੈਰੀਡਨ ਕਾਲਜ ਅਤੇ ਯੌਰਕ ਯੂਨੀਵਰਸਿਟੀ ਤੋਂ ਪ੍ਰਤੀਨਿਧੀ ਲਰਨਿੰਗ ਸੰਬੰਧੀ ਅਸਮਰਥਾਵਾਂ, ਔਟੀਜ਼ਮ ਸਪੈਕਟ੍ਰਮ ਅਤੇ/ਜਾਂ ਸਰੀਰਕ ਅਸਮਰਥਾਵਾਂ ਵਾਲੇ ਵਿਦਿਆਰਥੀਆਂ ਲਈ ਪੋਸਟ-ਸੈਕੰਡਰੀ ਸੰਸਥਾਵਾਂ ਵਿੱਚ ਉਪਲਬਧ ਸਹਾਇਤਾਵਾਂ ਅਤੇ ਸੁਵਿਧਾਵਾਂ ਬਾਰੇ ਗੱਲ ਕਰਨਗੇ।

ਸਪੈਸ਼ਲ ਐਜੁਕੇਸ਼ਨ ਅਧਿਆਪਕ ਵਿਦਿਆਰਥੀਆਂ ਦੀ ਸਫਲਤਾ ਦਾ ਸਮਰਥਨ ਕਰਨ ਪ੍ਰਤੀ ਵਚਨਬੱਧ ਹਨ! ਲਰਨਿੰਗ ਸਟ੍ਰੈਟੇਜੀਜ਼ ਕਲਾਸਾਂ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਲਰਨਿੰਗ ਦਰਸਾਉਣ ਲਈ ਨਿਰੰਤਰ, ਰਚਨਾਤਮਕ ਢੰਗ ਮੁਹੱਈਆ ਕਰਦੀਆਂ ਹਨ। ਇਹ ਗੱਲ ਧਿਆਨ ਵਿੱਚ ਰੱਖਦੇ ਹੋਏ ਕਿ ਸਾਡੇ ਸਿਖਿਆਰਥੀ ਸਤੰਬਰ ਵਿੱਚ ਇਨ-ਪਰਸਨ ਲਰਨਿੰਗ ਵਿੱਚ ਤਬਦੀਲ ਹੋ ਜਾਣਗੇ, ਅਸੀਂ ਜਾਣ ਬੁੱਝ ਕੇ ਵਿਦਿਆਰਥੀਆਂ ਦੇ ਸਵੈ-ਮਾਣ ਅਤੇ ਸਵੈ-ਹਿਮਾਇਤ ਦੇ ਹੁਨਰਾਂ ਦਾ ਨਿਰਮਾਣ ਕਰਦੇ ਹਾਂ। ਗਿਆਨ ਸ਼ਕਤੀ ਹੈ!

ਅਸੀਂ ਸਿਖਿਆਰਥੀਆਂ ਨੂੰ ਵੀਐਸਐਸ ਵਿੱਚ ਉਨ੍ਹਾਂ ਦੀ ਸਿਖਿਆ ਵਿੱਚ ਭਾਈਵਾਲ ਵਜੋਂ ਸਭ ਤੋਂ ਵਧੀਆ ਕਰਨ ਲਈ ਉਤਸ਼ਾਹਿਤ ਕਰਨਾ ਜਾਰੀ ਰੱਖਦੇ ਹਾਂ।

## VSS ਡਿਬੇਟ ਐਂਡ ਪਬਲਿਕ ਸਪੀਕਿੰਗ ਕਲੱਬ

ਅਕਤੂਬਰ 2020 ਤੋਂ, ਵਿਦਿਆਰਥੀਆਂ ਨੂੰ ਰੁਝਾਉਣ ਅਤੇ ਇਸ ਲੌਕਡਾਉਨ ਦੇ ਇਸ ਸਮੇਂ ਵਿੱਚ ਵਿਦਿਆਰਥੀਆਂ ਨੂੰ ਆਵਾਜ਼ ਦੇਣ ਵਿੱਚ ਸਹਾਇਤਾ ਕਰਨ ਲਈ ਇੱਕ ਸੁਪਨਾ ਪੈਦਾ ਹੋਇਆ ਸੀ। ਟੀਚਾ ਡਿਬੇਟ ਐਂਡ ਪਬਲਿਕ ਸਪੀਕਿੰਗ ਕਲੱਬ ਸੀ ਅਤੇ VSS ਘੋਸ਼ਣਾਵਾਂ ਅਤੇ ਅਧਿਆਪਕਾਂ ਦੁਆਰਾ ਮੌਖਿਕ ਸੰਚਾਰ ਰਾਹੀਂ ਵਿਗਿਆਪਨਾਂ ਦੁਆਰਾ, ਕਲੱਬ 180 ਵਿਦਿਆਰਥੀਆਂ ਦੇ ਨਾਲ ਲੌਂਚ ਹੋਇਆ! ਅਨੇਕ ਸਮਰਪਿਤ ਅਧਿਆਪਕ ਵੀ ਸਾਮ੍ਹਣੇ ਆਏ ਅਤੇ ਕਲੱਬ 300 ਪ੍ਰਭਾਵਸ਼ਾਲੀ ਵਿਦਿਆਰਥੀਆਂ ਤੱਕ ਵੱਧ ਗਿਆ ਹੈ!

ਕਲੱਬ ਸਵੈ-ਪ੍ਰਗਟਾਵੇ ਦੀਆਂ ਅਨੇਕ ਸ਼ੈਲੀਆਂ ਪੇਸ਼ ਕਰਦਾ ਹੈ। ਕਲੱਬ ਵਿੱਚ ਸਾਡੀਆਂ ਪਹਿਲੀਆਂ ਪੇਸ਼ਕਸ਼ਾਂ ਬ੍ਰਿਟਿਸ਼ ਪਾਰਲੇਮੈਂਟਰੀ/ਕਨੇਡੀਅਨ ਪਾਰਲੇਮੈਂਟਰੀ ਡਿਬੇਟ ਅਤੇ ਮਾਡਲ ਯੁਨਾਇਟਿਡ ਨੇਸ਼ਨਜ਼ ਡਿਬੇਟ ਰਹੀਆਂ ਹਨ। ਅਕਤੂਬਰ ਤੋਂ, ਅਸੀਂ ਤਿੰਨ ਮਾਡਲ ਯੂਐਨ ਕਾਨਫਰੰਸਾਂ ਅਤੇ ਦੋ ਬ੍ਰਿਟਿਸ਼ ਪਾਰਲੇਮੈਂਟਰੀ ਡਿਬੇਟ ਟੌਰਨਾਮੈਂਟ ਚਲਾਏ ਹਨ। ਸਾਡੀ ਟੀਡੀਐਸਬੀ ਵੀਐਸਐਸ ਮਾਡਲ ਯੂਐਨ ਵਿਦਿਆਰਥੀਆਂ ਨੇ ਹਾਲ ਹੀ ਵਿੱਚ ਸਕਾਰਬਰੋ ਯੂ ਔਫ ਟੀ (U of T) ਮਾਡਲ ਯੁਨਾਇਟਿਡ ਨੇਸ਼ਨਜ਼ ਕਾਨਫਰੰਸ (SMC) ਵਿੱਚ ਚਾਰ (!) ਅਵਾਰਡ ਜਿੱਤੇ ਹਨ। ਕਲੱਬ ਦੇ ਬ੍ਰਿਟਿਸ਼ ਪਾਰਲੇਮੈਂਟਰੀ ਡਿਬੇਟਰਾਂ ਨੇ ਹੈਲੀਫੈਕਸ ਵੌਰੀਅਰਜ਼ ਕੱਪ ਦੇ ਮੁਕਾਬਲੇ ਵਿੱਚ ਵੀ ਭਾਗ ਲਿਆ, ਜਿਥੇ ਅਸੀਂ ਦੱਸ ਟੀਮਾਂ ਭੇਜੀਆਂ! ਅਸੀਂ ਆਪਣੇ ਅਧਿਆਪਕ ਸਲਾਹਕਾਰਾਂ ਅਤੇ ਯੂ ਔਫ ਟੀ (U of T) ਅਤੇ ਕਵੀਨਜ਼ ਯੂਨੀਵਰਸਿਟੀ ਦੀਆਂ ਯੂਨੀਵਰਸਿਟੀ ਡਿਬੇਟ ਯੂਨੀਅਨਾਂ ਤੋਂ ਬਾਹਰਲੇ ਮੈਂਟਰਾਂ ਦੇ ਨਾਲ ਅਨੇਕ ਵਰਕਸ਼ਾਪਾਂ ਅਤੇ ਸੈਮੀਨਾਰ ਵੀ ਚਲਾਉਂਦੇ ਹਾਂ। ਵਿਦਿਆਰਥੀ ਕੇਵਲ ਜੀ ਨਹੀਂ ਰਹੇ ਹਨ ਪਰ *ਪ੍ਰਫੁੱਲਤ* ਹੋ ਰਹੇ ਹਨ!

ਕਲੱਬ ਨੇ ਵਿਦਿਆਰਥੀ ਲੀਡਰਾਂ ਦੀ ਇੱਕ ਪੂਰੀ ਸੂਚੀ ਨੂੰ ਚੁਣਿਆ ਹੈ ਜਿੰਨ੍ਹਾਂ ਨੇ ਕੰਮ ਦਾ ਬਹੁਤ ਵੱਡਾ ਭਾਰ ਅਤੇ ਸਾਡੇ ਕਲੱਬ ਦਾ ਸੰਵਿਧਾਨ ਅਤੇ ਇਕੁਇਟੀ ਨੀਤੀ ਦਾ ਖਰੜਾ ਤਿਆਰ ਕਰਨ ਅਤੇ ਕਲੱਬ ਦੀ ਪਬਲਿਕ ਸਪੀਕਿੰਗ ਸ਼ਾਖਾ ਨੂੰ ਪਬਲਿਕ ਸਪੀਕਿੰਗ ਦੀਆਂ ਤਿੰਨ ਨਵੀਆਂ ਸ਼ੈਲੀਆਂ: ਟੋਸਟਮਾਸਟਰਜ਼, ਦ ਮੰਕ ਡਿਬੇਟਸ ਅਤੇ ਦ ਸਪੋਕਨ ਵਰਡ (Toastmasters, the Munk Debates, and Spoken Word) - ਪੇਸ਼ ਕਰਨ ਤੱਕ ਵਿਸਤ੍ਰਿਤ ਕਰਨ ਦੀ ਜ਼ਿੰਮੇਵਾਰੀ ਚੁੱਕੀ ਹੈ।

ਅਧਿਆਪਕ ਸਲਾਹਕਾਰਾਂ ਵਲੋਂ ਚਿੰਤਨ:

*"ਅਸੀਂ ਉਮੀਦ ਕਰਦੇ ਹਾਂ ਕਿ ਜਦੋਂ ਫੇਸ ਟੂ ਫੇਸ ਇਨ-ਪਰਸਨ ਸਕੂਲ ਦੁਬਾਰਾ ਸ਼ੁਰੂ ਹੁੰਦਾ ਹੈ, ਤਾਂ ਇਹ ਕਲੱਬ ਉਨ੍ਹਾਂ ਸਕੂਲਾਂ ਵਿੱਚ ਪਹੁੰਚ ਸਕਦਾ ਹੈ ਜਿਨ੍ਹਾਂ ਵਿੱਚ ਡਿਬੇਟ ਅਧਿਆਪਕ ਸਲਾਹਕਾਰ ਨਹੀਂ ਹੁੰਦੇ। ਸ਼ਾਇਦ ਇਹ ਕੁਝ ਵੱਡੇ ਦੀ ਸ਼ੁਰੂਆਤ ਹੈ!"*
- ਮਾਰਕ ਵੂ

*"ਵਿਦਿਆਰਥੀ ਜੋ ਊਰਜਾ ਅਤੇ ਜੋਸ਼ ਲੈ ਕੇ ਡਿਬੇਟ ਕਰਦੇ ਹਨ ਉਹ ਵਰਚੁਅਲ ਸ ਕੂਲ ਨੂੰ ਹਰ ਹਫ਼ਤੇ ਬਿਹਤਰ ਬਣਾਉਂਦੇ ਹਨ। ਉਨ੍ਹਾਂ ਦੀਆਂ ਦਲੀਲਾਂ ਨੂੰ ਸੁਣਦਿਆਂ, ਹਰ ਟੂਰਨਾਮੈਂਟ ਵਿੱਚ ਉਨ੍ਹਾਂ ਦੇ ਵਾਧੇ ਨੂੰ ਵੇਖਣਾ ਮੈਨੂੰ ਯਾਦ ਦਿਵਾਉਂਦਾ ਹੈ ਕਿ ਸਾਡੇ ਵਿਦਿਆਰਥੀ ਰਚਨਾਤਮਕ ਅਤੇ ਡੂੰਘੇ, ਵਿਵੇਕਸ਼ੀਲ ਅਤੇ ਵਧੇਰੇ ਲਚਕੀਲੇ ਹਨ। "*
- ਡੇਬੀ ਲੇਰੇਚ

## ਰੀਚਿੰਗ ਫੌਰ ਦ ਟੌਪ ਕਲੱਬ (Reaching for the Top Club)

ਇਸ ਸਾਲ ਵਰਚੁਅਲ ਸਕੂਲ ਨੇ ਆਪਣੇ ਖੁਦ ਦੇ ਰੀਚਿੰਗ ਫੌਰ ਦ ਟੌਪ ਕਲੱਬ ਦੀ ਮੇਜ਼ਬਾਨੀ ਕੀਤੀ ਹੈ।

ਰੀਚਿੰਗ ਫੌਰ ਦ ਟੌਪ ਦੇ ਨਾਲ ਕੈਨੇਡਾ ਦਾ ਲੰਬਾ ਇਤਿਹਾਸ ਹੈ। 1961 ਵਿੱਚ, ਬ੍ਰਿਟਿਸ਼ ਕੋਲੰਬੀਆ ਦੇ ਸੀਬੀਸੀ ਐਫੀਲੀਏਟ ਨੇ ਇਸ ਨੂੰ ਯੂਕੇ ਦੇ *ਟੌਪ ਔਫ ਦ ਫੌਰਮ (Top of the Form)* ਸ਼ੋ ਤੇ ਅਧਾਰਿਤ ਕਰਕੇ ਇਹ ਪ੍ਰੋਗਰਾਮ ਬਣਾਇਆ ਸੀ। ਸੀਬੀਸੀ ਨੇ ਸ਼ੋ ਦੀ ਮੇਜ਼ਬਾਨੀ ਕੀਤੀ ਅਤੇ ਇਸਦੀ ਪ੍ਰਸਿੱਧੀ ਵਿੱਚ ਵਾਧਾ

ਹੋਇਆ। ਐਲੇਕਸ ਟ੍ਰੇਬੈਕ ਨੇ ਕੁਝ ਸਾਲਾਂ ਲਈ ਟੋਰੋਂਟੋ ਪ੍ਰੋਗਰਾਮ ਦੀ ਮੇਜ਼ਬਾਨੀ ਵੀ ਕੀਤੀ। ਸਾਰੇ ਦੇਸ਼ ਵਿੱਚ, ਪਰਿਵਾਰ ਹਾਈ ਸਕੂਲ ਟੀਮਾਂ ਨੂੰ ਚੁਣੌਤੀਜਨਕ ਸਵਾਲਾਂ ਦੇ ਜਵਾਬ ਦਿੰਦੇ ਦੇਖਣ ਲਈ ਹਰ ਹਫ਼ਤੇ ਟਿਊਨ ਇਨ ਕਰਦੇ ਸੀ। ਸਭ ਤੋਂ ਵੱਧ ਪੌਇੰਟਾਂ ਵਾਲੀ ਟੀਮ ਜਿੱਤਦੀ ਹੈ।

VSS ਰੀਚ ਫੌਰ ਦ ਟੌਪ ਕਲੱਬ (VSS Reach for the Top (RFTT) Club) ਉਨ੍ਹਾਂ 200 ਵਿਦਿਆਰਥੀਆਂ ਅਤੇ ਅੱਠ ਸਟਾਫ ਦੇ ਲਈ ਸਰਬੋਤਮ ਅਨੁਭਵ ਰਿਹਾ ਹੈ ਜਿੰਨ੍ਹਾਂ ਨੇ ਜਨਵਰੀ ਵਿੱਚ RFTT ਟੀਮ ਬਣਾਈ। ਸਟਾਫ ਸਪੌਂਸਰ ਸ੍ਰੀ ਗੋਲਡਬਰਗ ਨੇ ਸਾਰੇ ਗ੍ਰੇਡ ਲੈਵਲਾਂ ਤੋਂ ਵਿਦਿਆਰਥੀਆਂ ਨੂੰ 32 ਟੀਮਾਂ - 16 ਸੀਨੀਅਰ ਅਤੇ 16 ਇਨਟਰਮੀਡੀਏਟ, ਵਿੱਚ ਪਲੇਸ ਕੀਤਾ। ਟੀਮਾਂ ਨੇ ਫਿਰ *ਰੀਚ ਫੌਰ ਟੌਪ* ਦੇ ਇਤਿਹਾਸ ਵਿੱਚ ਸਭ ਤੋਂ ਵੱਡਾ ਇੰਟਰਮੁਅਰਲ ਰਾਉਂਡ-ਰੌਬਿਨ ਟੂਰਨਾਮੈਂਟ ਪੂਰਾ ਕੀਤਾ - ਕੁੱਲ 104 ਖੇਡਾਂ, ਪ੍ਰਤੀ ਹਫਤੇ ਲਗਭਗ 15 ਖੇਡਾਂ ਰਨ ਕਰਦੇ ਹੋਏ।

ਮਾਰਚ ਦੇ ਮੱਧ ਤੋਂ, ਪਲੇਔਫ ਖਤਮ ਹੋ ਗਏ ਹਨ ਅਤੇ ਕਲੋਜ਼ਿੰਗ ਸਮਾਰੋਹ ਭਾਸ਼ਣਾਂ, ਵਰਚੁਅਲ ਅਵਾਰਡਾਂ ਅਤੇ ਅਧਿਆਪਕ ਦੁਆਰਾ ਤਿਆਰ ਕੀਤਾ ਗਿਆ ਇੱਕ ਟ੍ਰਿਵੀਆ *Kahoot!* ਸਭ ਦੇ ਨਾਲ ਹੋਏਗਾ। ਇਹ ਵਿਚਾਰ ਇੱਕ ਵਿਦਿਆਰਥੀ ਕੋਲੋਂ ਆਇਆ, ਜੋ ਇਸ ਸਮਾਰੋਹ ਵਿੱਚ ਭਾਸ਼ਣ ਦੇਵੇਗਾ।